# ਪੰਜਾਬ ਐਜੂਸੈਟ ਸੁਸਾਇਟੀ
## ਈ.ਐਂਡ.ਐਫ. ਬਲਾਕ, ਟੈਕਸਟ ਬੁੱਕ ਸੈੱਲ,

ਪਹਿਲੀ ਮੰਜ਼ਿਲ, ਪੀ.ਐਸ.ਈ.ਬੀ.ਕੈਂਪਸ, ਫੇਜ਼-8, ਅਜੀਤਗੜ੍ਹ
ਫੋਨ ਨੰ.0172-2231800, 2215701, ਈ.ਮੇਲ. edusat.punjab@gmail.com

---

ਵੱਲ

1.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਪੰਜਾਬ।

1.1 ਸਮੂਹ ਸਰਕਾਰੀ ਸਕੂਲਾਂ ਦੇ ਮੁਖੀ/ਪ੍ਰਿੰਸੀਪਲ (ਵੈੱਬਸਾਈਟ ਰਾਹੀਂ) ।

ਮੀਮੋ ਨੰ. : 24/40/2008/**PES/HG/** 4168
ਮਿਤੀ : ......16th..ਜੁਲਾਈ, 2013.

ਵਿਸ਼ਾ: ਗੁਣਵੱਤਾ ਵਿੱਚ ਵਾਧਾ ਕਰਨ ਲਈ 11ਵੀਂ ਅਤੇ 12ਵੀਂ ਜਮਾਤ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਸਕੂਲਾਂ ਵਿੱਚ ਲਾਗੂ ਕਰਨ ਸਬੰਧੀ।

ਪੰਜਾਬ ਐਜੂਸੈਟ ਸੁਸਾਇਟੀ ਵੱਲੋਂ ਗਠਿਤ ਕੀਤੀਆਂ ਐਡਵਾਇਜ਼ਰੀ ਕਮੇਟੀਆਂ ਦੁਆਰਾ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਸਿਲੇਬਸ ਅਨੁਸਾਰ ਹਿਊਮੈਨਟੀਜ਼, ਕਮਰਸ, ਸਾਇੰਸ ਅਤੇ ਅੰਗਰੇਜ਼ੀ ਵਿਸ਼ਿਆਂ ਦੀ 11ਵੀ ਅਤੇ 12 ਵੀਂ ਜਮਾਤ ਦੇ ਸਿਲੇਬਸ ਦੀ ਵੰਡ ਕੀਤੀ ਗਈ ਹੈ ਤਾਂ ਜੋ ਹਰ ਮਹੀਨੇ ਅਧਿਆਪਕਾਂ ਦੁਆਰਾ ਕਰਵਾਏ ਜਾਣ ਵਾਲੇ ਪਾਠਕ੍ਰਮ ਅਨੁਸਾਰ ਐਜੂਸੈਟ ਦੇ ਪ੍ਰੋਗਰਾਮ ਪ੍ਰਸਾਰਿਤ ਕੀਤੇ ਜਾ ਸਕਣ।ਐਜੂਸੈਟ ਰਾਹੀਂ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮਾਂ ਦਾ ਵਿਦਿਆਰਥੀਆਂ ਨੂੰ ਪੂਰਾ ਲਾਭ ਤੱਦ ਹੀ ਹੋ ਸਕਦਾ ਹੈ ਜੇਕਰ ਸਬੰਧਤ ਪਾਠ ਵੀ ਉਸੇ ਸਮੇਂ ਦੌਰਾਨ ਅਧਿਆਪਕ ਵੱਲੋਂ ਕਲਾਸ ਵਿੱਚ ਕਰਵਾਇਆ ਜਾ ਰਿਹਾ ਹੋਵੇ ਅਤੇ ਦੋਨਾਂ ਲੈਕਚਰਾਂ ਦੀ ਤਰਕਸੰਗਤਾ ਬਣ ਜਾਵੇ।

ਕਿਰਪਾ ਕਰਕੇ ਸਬੰਧਤ ਵਿਸ਼ੇ ਦੇ ਅਧਿਆਪਕਾਂ ਦੁਆਰਾ ਸੁਨਿਸ਼ਚਿਤ ਕੀਤਾ ਜਾਵੇ ਕਿ ਕਲਾਸ ਵਿੱਚ ਵਿਸ਼ੇਸ਼ ਕਰਕੇ ਉਨ੍ਹਾਂ ਵਿਸ਼ਿਆਂ, ਜੋ ਐਜੂਸੈਟ ਰਾਹੀਂ ਵੀ ਟੈਲੀਕਾਸਟ ਕੀਤੇ ਜਾਂਦੇ ਹਨ ਦੇ ਅਧਿਆਪਨ ਦਾ ਕੰਮ ਮਹੀਨਾਵਾਰ ਸਿਲੇਬਸ ਦੀ ਵੰਡ ਅਨੁਸਾਰ ਹੀ ਤਰਜੀਹੀ ਤੌਰ ਤੇ ਕਰਵਾਇਆ ਜਾਵੇ ਅਤੇ ਵਿਦਿਆਰਥੀਆਂ ਨੂੰ ਅਗਲੇ ਮਹੀਨੇ ਦੀ ਪ੍ਰਾਪਤ ਐਜੂਸੈਟ ਸ਼ਡਿਊਲ ਨਾਲ ਸੰਗਤ ਕਰਦੇ ਟਾਪਿਕ ਉਸੇ ਸਮੇਂ ਵਿੱਚ ਹੀ ਕਰਵਾਏ ਜਾਣ।ਵਿਦਿਆਰਥੀਆਂ ਨੂੰ ਐਜੂਸੈਟ ਸ਼ਡਿਊਲ ਦੀ ਕਾਪੀ ਵੀ ਪਹਿਲਾਂ ਹੀ ਮੁਹੱਈਆ ਕਰਵਾ ਦਿੱਤੀ ਜਾਵੇ ਤਾਂ ਜੋ ਸਕੂਲਾਂ ਵਿੱਚ ਵਿਦਿਆਰਥੀ ਪਾਠਕ੍ਰਮ ਦੀ ਵੰਡ ਅਨੁਸਾਰ ਤਿਆਰੀ ਕਰ ਸਕਣ ਅਤੇ ਨਾਲ ਹੀ ਐਜੂਸੈਟ ਰਾਹੀਂ ਪ੍ਰਸਾਰਿਤ ਕੀਤੇ ਜਾਣ ਵਾਲੇ ਪ੍ਰੋਗਰਾਮ ਵੀ ਸਿਲੇਬਸ ਦੀ ਮਹੀਨਾਵਾਰ ਵੰਡ ਨਾਲ ਮੇਲ ਖਾਂਦੇ ਹੋਣ।

ਇਸ ਤੋਂ ਇਲਾਵਾ 6ਵੀਂ ਤੋਂ 10ਵੀਂ ਜਮਾਤ ਦੇ ਸਿਲੇਬਸ ਦੀ ਵੰਡ ਪਹਿਲਾਂ ਹੀ RMSA/SSA ਦੁਆਰਾ ਕਰਕੇ ਐਸ.ਐਸ.ਏ ਦੀ ਵੈਬਸਾਈਟ ਤੇ ਉਪਲਬਧ ਕਰਵਾਈ ਹੋਈ ਹੈ ਅਤੇ 11ਵੀਂ ਅਤੇ 12ਵੀਂ ਜਮਾਤ ਦੇ ਸਿਲੇਬਸ ਦੀ ਮਹੀਨਾਵਾਰ ਵੰਡ ਵੀ ਐਸ.ਐਸ.ਏ. ਦੀ ਵੈਬਸਾਈਟ www.ssapunjab.org ਤੇ ਉਪਲੱਬਧ ਕਰਵਾਈ ਜਾ ਰਹੀ ਹੈ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ

ਪਿੱਠਅੰਕਣ ਨੰ.24/40/2008/**PES/HG/** 4169 ਮਿਤੀ : 16-ਜੁਲਾਈ 2013

ਉਪਰੋਕਤ ਦਾ ਉਤਾਰਾ ਡੀ.ਐਮ.(ਐਮ.ਆਈ.ਐਸ.) ਨੂੰ ਵੈਬਸਾਈਟ 'ਤੇ ਪੱਤਰ ਅਤੇ ਸਿਲੇਬਸ ਦੀ ਵੰਡ ਉਪਲੱਬਧ ਕਰਵਾਉਣ ਲਈ ਭੇਜਿਆ ਜਾਂਦਾ ਹੈ।

ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ
ਪੰਜਾਬ ਐਜੂਸੈਟ ਸੁਸਾਇਟੀ